ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times | 26 ਅਕਤੂਬਰ 2025 ਦਿਨ ਐਤਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼

ਸ਼ਮਸ਼ੇਰ ਸ਼ੇਰੀ ਦੀ ਬਰਸੀ ਮਨਾਉਣ ਸਬੰਧੀ ਮੀਟਿੰਗ ਹੋਈ

ਵਰਲਡ ਪੰਜਾਬੀ ਟਾਈਮਜ਼
ਜਗਜੀਤ ਸਿੰਘ ਭੁਟਾਲ

ਸੰਗਰੂਰ 26 ਅਕਤੂਬਰ : ਲੋਕ ਸੰਗਰਾਮ ਮੋਰਚਾ ਪੰਜਾਬ ਦੇ ਜਨਰਲ ਸਕੱਤਰ ਸੁੱਖਮੰਦਰ ਸਿੰਘ ਨੇ ਅੱਜ ਲਹਿਰਾ ਗਾਗਾ ਇਲਾਕੇ ਦੇ ਸਹਿਯੋਗੀ ਸਾਥੀਆਂ ਨਾਲ,ਕਾਮਰੇਡ ਸ਼ਮਸ਼ੇਰ ਸ਼ੇਰੀ ਦੀ ਖੋਖਰ ਕਲਾਂ ਵਿਖੇ ਉਨ੍ਹਾਂ ਦੀ ਬਣੀ ਯਾਦਗਰ 'ਤੇ ਉਨ੍ਹਾਂ ਦੀ ਬਰਸੀ ਮਨਾਉਣ ਸਬੰਧੀ ਮੀਟਿੰਗ ਕੀਤੀ । ਜਮਹੂਰੀ ਅਧਿਕਾਰ ਸਭਾ ਪੰਜਾਬ ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਜਗਜੀਤ ਸਿੰਘ ਭੁਟਾਲ ਨੇ ਦੱਸਿਆ ਕਿ ਕਾਮਰੇਡ ਸ਼ਮਸ਼ੇਰ ਸ਼ੇਰੀ ਦੀ ਹਰ ਸਾਲ ਉਨਾਂ ਦੇ ਜੱਦੀ ਪਿੰਡ ਖੋਖਰ ਕਲਾਂ ਵਿਖੇ ਬਰਸੀ ਮਨਾਈ ਜਾਂਦੀ ਹੈ। ਉਹ

ਸਮਝਦਾ ਸੀ ਕਿ ਮੌਜੂਦਾ ਰਾਜ ਪ੍ਰਬੰਧ ਸਾਮਰਾਜੀਆਂ, ਜਗੀਰਦਾਰਾਂ ਅਤੇ ਨੌਕਰਸ਼ਾਹ ਸਰਮਾਏਦਾਰਾਂ ਦੀ ਲੁੱਟ ਦਾ ਸੰਦ ਬਣਿਆ ਹੋਇਆ ਹੈ । 15 ਅਗਸਤ 1947 ਨੂੰ ਜੋ ਆਜ਼ਾਦੀ ਆਈ ਉਹ ਵੀ ਭਾਰਤੀ ਲੋਕਾਂ ਦੇ ਨਾਲ ਇੱਕ ਧੋਖਾ ਸਾਬਤ ਹੋਈ। ਉਸ ਦੇ ਨਾਲ ਮਜ਼ਦੂਰਾਂ ਕਿਸਾਨਾਂ ਦੀ ਜ਼ਿੰਦਗੀ ਵਿੱਚ ਕੋਈ ਫਰਕ ਨਹੀਂ ਪਿਆ। ਫਰਕ ਸਿਰਫ ਇਹ ਪਿਆ ਕਿ ਗੋਰੇ ਅੰਗਰੇਜ਼ਾਂ ਦੀ ਥਾਂ ਕਾਲੇ ਭਾਰਤੀ ਹਾਕਮ ਗੱਦੀਆਂ ਤੇ ਬਿਰਾਜਮਾਨ ਹੋ ਗਏ। ਹੁਣ ਭਾਰਤ ਦੇ ਬਹੁਤ ਹਿੱਸਿਆਂ ਵਿੱਚ ਜ਼ਮੀਨ ਬਚਾਉਣ ਦੀ ਲੜਾਈ ਚੱਲ ਰਹੀ ਹੈ। ਵਸਤਰ ਦੇ ਜੰਗਲਾਂ ਵਿੱਚ ਖਾਣਿਜ ਪਦਾਰਥਾਂ ਦੇ ਭੰਡਾਰ ਸਾਮਰਾਜੀਆਂ ਨੂੰ ਲੁਟਾਉਣ ਲਈ ਇਨਕਲਾਬੀ ਲਹਿਰ ਤੇ ਖੂਨੀ ਹਮਲਾ ਵਿੱਢਿਆ ਹੋਇਆ ਹੈ। ਉਥੋਂ ਦੇ ਲੋਕ ਵੀ ਆਪਣੇ ਉਜਾੜੇ ਨੂੰ ਰੋਕਣ ਦੇ ਲਈ ਹਕੂਮਤ ਵਿਰੁੱਧ ਸੰਘਰਸ਼ ਕਰ ਰਹੇ ਹਨ।

ਕਾਮਰੇਡ ਸ਼ਮਸ਼ੇਰ ਸ਼ੇਰੀ ਮਜ਼ਦੂਰ ਕਿਸਾਨਾਂ ਦੀ ਪੁੱਗਤ ਵਾਲਾ -ਲੋਕਾਸ਼ਾਹੀ ਰਾਜ- ਲਿਆਉਣ ਲਈ ਪੂਰੀ ਜ਼ਿੰਦਗੀ ਸੰਘਰਸ਼ ਕਰਦਾ ਰਿਹਾ। ਲੋਕ ਸੰਗਰਾਮ ਮੋਰਚਾ ਕਾਮਰੇਡ ਸ਼ਮਸ਼ੇਰ ਸ਼ੇਰੀ ਦੇ ਅਧੂਰੇ ਕਾਰਜਾਂ ਨੂੰ ਪੂਰਾ ਕਰਨ ਲਈ ਸੰਘਰਸ਼ ਕਰਦਾ ਰਹੇਗਾ। ਮੀਟਿੰਗ ਵਿੱਚ ਫੈਸਲਾ ਕੀਤਾ ਕਿ ਹੁਣ 29 ਨਵੰਬਰ ਨੂੰ 11 ਵਜੇ ਕਾਮਰੇਡ ਸ਼ਮਸ਼ੇਰ ਸ਼ੇਰੀ ਦੀ ਯਾਦਗਰ ਉੱਤੇ ਖੋਖਰ ਕਲਾਂ ਵਿਖੇ ਸ਼ਰਧਾਂਜਲੀ ਸਮਾਗਮ ਕੀਤਾ ਜਾਵੇ। ਇਸ ਦੀ ਤਿਆਰੀ ਲਈ ਇਲਾਕੇ ਦੇ ਵਿੱਚ ਲੋਕਾਂ ਨਾਲ ਸੰਪਰਕ ਮੁਹਿੰਮ ਚਲਾਈ ਜਾਵੇਗੀ।

ਜਮਹੂਰੀ ਅਧਿਕਾਰ ਸਭਾ ਦੀ ਅਗਵਾਈ ਵਿੱਚ ਜਥੇਬੰਦੀਆਂ ਦੀ ਹਕੂਮਤੀ ਧੱਕਿਆ, ਜਬਰ ਖਿਲਾਫ ਹੋਈ ਮੀਟਿੰਗ ਉਪਰੰਤ ਕੀਤਾ ਸੰਕੇਤਕ ਮੁਜਾਹਰਾ

ਵਰਲਡ ਪੰਜਾਬੀ ਟਾਈਮਜ਼

ਸੰਗਰੂਰ 26 ਅਕਤੂਬਰ : ਜਮਹੂਰੀ ਅਧਿਕਾਰ ਸਭਾ ਇਕਾਈ ਸੰਗਰੂਰ ਦੀ ਅਗਵਾਈ ਵਿੱਚ ਵੱਖ ਵੱਖ ਜਨਤਕ, ਜਮਹੂਰੀ, ਮਜ਼ਦੂਰ ਕਿਸਾਨ ਅਤੇ ਮੁਲਾਜਮ ਜਥੇਬੰਦੀਆਂ ਦੀ ਇਕੱਤਰਤਾ ਸਥਾਨਕ ਕਾਮਰੇਡ ਤੇਜਾ ਸਿੰਘ ਸੁਤੰਤਰ ਭਵਨ ਵਿਖੇ ਹੋਈ। ਜਿਸ ਵਿੱਚ ਸਾਰੀਆਂ ਜਥੇਬੰਦੀਆਂ ਦੇ ਆਗੂਆਂ ਅਤੇ ਕਾਰਕੁਨਾਂ ਨੇ ਸਮੂਲੀਅਤ ਕੀਤੀ।ਮੀਟਿੰਗ ਦੀ ਪ੍ਰਧਾਨਗੀ ਜਿਲ੍ਹਾ ਪ੍ਰਧਾਨ ਜਗਜੀਤ ਭੁਟਾਲ ਨੇ ਕੀਤੀ ਜਦੋਂ ਕੇ ਕਾਰਵਾਈ ਕੁਲਦੀਪ ਸਿੰਘ ਸਕੱਤਰ ਵੱਲੋਂ ਕੀਤੀ ਗਈ। ਸੂਬਾ ਆਗੂ ਸਵਰਨਜੀਤ ਸਿੰਘ ਨੇ ਵਿਸ਼ੇਸ ਸਮੂਲੀਅਤ ਕੀਤੀ ਅਤੇ ਅੱਜ ਦੀ ਮੀਟਿੰਗ ਦੀ ਲੋੜ ਅਤੇ ਇਸ ਵਿੱਚ ਵਿਚਾਰਨ ਲਈ ਰੱਖੇ ਮੁੱਦਿਆਂ ਤੇ ਗਹਿਰਾਈ ਨਾਲ ਗੱਲਬਾਤ ਕੀਤੀ।ਆਗੂਆਂ ਵੱਲੋਂ ਪੰਜਾਬ ਅਤੇ ਕੇਂਦਰ ਸਰਕਾਰ ਦੀ ਸਖ਼ਤ ਨੁਕਤਾਚੀਨੀ ਕਰਦਿਆਂ ਲੋਦਾਘ ਖੇਤਰ ਦੇ ਮੁੱਦਿਆਂ ਲਈ ਸਾਂਤਮਈ ਸੰਘਰਸ਼ ਕਰ ਰਹੇ ਸੋਨਮ ਵਾਂਗਚੂਕ ਤੇ ਐੱਨ ਐੱਸ ਏ ਲਗਾ ਕੇ ਜੇਲ ਵਿੱਚ ਬੰਦ ਕਰਨਾ, ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਤੇ ਅਣਐਲਾਨੀ ਬੰਦਿਸ਼ ਲਾਉਣ, ਸੁਪਰੀਮ ਕੋਰਟ ਦੇਚੀਫ ਜਸਟਿਸ ਜੋ ਦਲਿਤ ਭਾਈਚਾਰੇ ਨਾਲ ਸਬੰਧਤ ਹੈ ਤੇ ਅਖੌਤੀ ਉਚ ਜਾਤੀ ਦੇ ਵਕੀਲ ਵੱਲੋਂ ਸੁੱਟੀ ਜੁੱਤੀ ਤੋਂ ਇਲਾਵਾ ਸਰਕਾਰੀ ਸਹਿ ਤੇ ਹੋ ਰਹੇ ਅਨੇਕਾਂ ਜਬਰ ਜ਼ੁਲਮਾਂ,ਆਪਣੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰ ਰਹੀਆਂ ਜਥੇਬੰਦੀਆਂ ਤੇ ਹੁੰਦੇ ਜੇਜ਼ਾਨਾ ਦੇ ਜਬਰ ਅਤੇ ਲਾਠੀਚਾਰਜਾਂ ਤੇ ਗਲਬਾਤ ਬਾਤ ਕਰਦਿਆਂ ਇਸ ਨੂੰ ਲੋਕਤੰਤਰ ਦਾ ਦਿਨ ਦਿਹਾੜੇ ਹੋ ਰਿਹਾ ਘਾਣ ਗਰਦਾਨਿਆ ਅਤੇ ਜੇਲ੍ਹਾਂ ਵਿੱਚ ਅਣਮਨੁੱਖੀ ਤਰੀਕੇ ਨਾਲ ਨਜ਼ਰਬੰਦ ਸੋਨਮ ਵਾਂਗਚੁਕ ਨੂੰ ਤੁਰੰਤ ਰਿਹਾ ਕਰਨ, ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਤੇ ਲਾਈ ਪਾਬੰਦੀ ਹਟਾਉਣ ਅਤੇ ਜੁੱਤੀ ਸੁੱਟਣ ਵਾਲੇ ਫਿਰਕੂ ਵਕੀਲ ਤੇ ਸਖ਼ਤ ਕਾਰਵਾਈ ਕਰਨ ਅਤੇ ਗੈਰ ਮਨੁੱਖੀ ਜਬਰ ਦੇ ਵਰਤਾਰੇ ਨੂੰ ਬੰਦ ਕਰਨ ਦੀ ਮੰਗ ਕੀਤੀ ਗਈ। ਮੀਟਿੰਗ ਵਿੱਚ ਗੁਰੂ ਤੇਗ ਬਹਾਦਰ ਦੀ ਜਮਹੂਰੀਅਤ ਲਈ ਦਿੱਤੀ ਅਦੁੱਤੀ ਕੁਰਬਾਨੀ ਦੇ 350 ਸਾਲਾਂ ਅਤੇ ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ ਤੇ ਇਹਨਾਂ ਸਰਕਾਰੀ ਜਬਰ ਅਤੇ ਧੱਕਿਆ ਖਿਲਾਫ ਰੋਸ ਮੁਜਾਹਰਾ ਕਰਨ ਦਾ ਫੈਸਲਾ ਵੀ ਕੀਤਾ ਗਿਆ।ਇਸ ਤੋਂ ਬਾਅਦ ਬਰਨਾਲਾ ਕੈਂਚੀਆਂ ਵਿੱਚ ਜਮਹੂਰੀ ਕਾਰਕੁਨਾਂ ਵੱਲੋਂ ਸੰਕੇਤਕ ਮੁਜਾਹਰਾ ਕਰਦਿਆਂ ਲੋਕਤੰਤਰ ਦੇ ਹੋ ਰਹੇ ਘਾਣ ਲਈ ਸਰਕਾਰ ਖਿਲਾਫ ਨਾਹਰੇਬਾਜੀ ਕੀਤੀ ਗਈ। ਇਸ ਮੌਕੇ ਸਭਾ ਦੇ ਮੀਤ ਪ੍ਰਧਾਨ ਬਸੇਸਰ ਰਾਮ, ਵਿਤ ਸਕੱਤਰ ਮਨਧੀਰ ਸਿੰਘ ਰਾਜੋਮਾਜਰਾ,ਜੋਇੰਟ ਸਕੱਤਰ ਕੁਲਵਿੰਦਰ ਬੰਟੀ, ਡੇਮੋਕ੍ਰੇਟਿਕ ਟੀਚਰਜ਼ ਫ਼ਰੰਟ (ਦਿਗਵਿਜੈ ਸਬੰਧਤ) ਦੇ ਦਾਤਾ ਸਿੰਘ ਨਮੋਲ,ਡੇਮੋਕ੍ਰੇਟਿਕ ਟੀਚਰਜ਼ ਫ਼ਰੰਟ ਦੇ ਸੁੱਖਵਿੰਦਰ ਗਿਰ, ਦੇਸ਼ ਭਗਤ ਯਾਦਗਾਰ ਦੇ ਬਲਬੀਰ ਲੌਂਗੋਵਾਲ, ਤਰਕਸ਼ੀਲ ਸੁਸਾਈਟੀ ਦੇ ਜੁਝਾਰ ਲੌਂਗੋਵਾਲ,ਗੁਰਦੀਪ ਸਿੰਘ,ਕਿਰਤੀ ਕਿਸਾਨ ਯੂਨੀਅਨ ਦੇ ਭਜਨ ਢੱਡਰੀਆਂ, ਜਰਨੈਲ ਸਿੰਘ ਜਹਾਂਗੀਰ, ਭਾਰਤੀ ਕਿਸਾਨ ਯੂਨੀਅਨ (ਡਕਾਉਂਦਾ) ਦੇ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਬਲਜੀਤ ਨਮੋਲ,ਨੌਜਵਾਨ ਭਾਰਤ ਸਭਾ, ਟੈਕਨੀਕਲ ਇੰਪਲਾਈਜ਼ ਯੂਨੀਅਨ ਦੇ ਬਥਨਪਾਲ, ਨਿਰੰਜਣ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਜਮਹੂਰੀ ਕਾਰਕੁਨ ਹਾਜ਼ਿਰ ਸਨ।

ਸਰਕਾਰੀ ਮਿਡਲ ਸਕੂਲ ਵਿਖੇ ਪਹਿਲੇ ਦਿਨ ਗਣਿਤ ਅਤੇ ਵਿਗਿਆਨ ਦਾ ਮੇਲਾ ਲਗਾਇਆ

ਦੂਜੇ ਦਿਨ ਅੰਗਰੇਜ਼ੀ ਅਤੇ ਸਮਾਜਿਕ ਵਿਗਿਆਨ ਦੇ ਮੇਲੇ 'ਚ ਵਿਦਿਆਰਥੀਆਂ ਨੇ ਚਾਰਟ/ਮਾਡਲਾਂ ਦੀ ਪ੍ਰਦਰਸ਼ਨੀ ਲਗਾਈ

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾ

ਫ਼ਰੀਦਕੋਟ, 26 ਅਕਤੂਬਰ : ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ ਦੀ ਯੋਗ ਸਰਪ੍ਰਸਤੀ ਅਤੇ ਜ਼ਿਲਾ ਸਿੱਖਿਆ ਅਫ਼ਸਰ ਸੈਕੰਡਰੀ ਫ਼ਰੀਦਕੋਟ ਸ੍ਰੀਮਤੀ ਨੀਲਮ ਰਾਣੀ ਦੀ ਯੋਗ ਅਗਵਾਈ ਹੇਠ ਸਰਕਾਰੀ ਮਿਡਲ ਸਕੂਲ ਪੱਕਾ ਵਿਖੇ ਪਹਿਲੇ ਪੜਾਅ 'ਚ ਗਣਿਤ ਅਤੇ ਵਿਗਿਆਨ ਅਤੇ ਦੂਜੇ ਪੜਾਅ ਅੰਗਰੇਜ਼ੀ ਅਤੇ ਸਮਾਜਿਕ ਵਿਗਿਆਨ ਵਿਸ਼ਿਆਂ ਦੇ ਮੇਲੇ ਲਗਾਏ ਗਏ। ਇਸ ਮੌਕੇ ਗਣਿਤ ਅਤੇ ਵਿਗਿਆਨ ਵਿਸ਼ੇ ਦੇ ਮੇਲੇ ਮੌਕੇ ਸਾਇੰਸ ਮਿਸਟ੍ਰੈਸ ਪ੍ਰਵੀਨ ਲਤਾ ਅਤੇ ਸਾਇੰਸ ਮਿਸਟ੍ਰੈਸ ਜਗਦੀਪ ਕੌਰ ਦੀ ਯੋਗ ਅਗਵਾਈ ਹੇਠ ਵਿਦਿਆਰਥੀਆਂ ਨੇ ਗਣਿਤ ਅਤੇ ਵਿਗਿਆਨ ਵਿਸ਼ੇ ਦੇ ਚਾਰਟ, ਮਾਡਲ ਤਿਆਰ ਕਰਦਿਆਂ ਆਪਣੇ ਗਿਆਨ 'ਚ ਵਾਧਾ ਕੀਤਾ। ਦੂਜੇ ਪੜਾਅ 'ਚ ਸਕੂਲ ਦੀ ਐੱਸ.ਐੱਸ.ਮਿਸਟ੍ਰੈਸ ਜਸਵਿੰਦਰ ਕੌਰ, ਐਸ.ਐਸ.ਮਾਸਟਰ ਸੁਦੇਸ਼ ਸ਼ਰਮਾ ਦੀ ਯੋਗ ਅਗਵਾਈ ਹੇਠ ਅੰਗਰੇਜ਼ੀ ਅਤੇ ਸਮਾਜਿਕ ਵਿਗਿਆਨ ਦੇ ਚਾਰਟ ਅਤੇ ਮਾਡਲ ਤਿਆਰ ਕੀਤੇ। ਇਸ ਮੌਕੇ ਵਿਦਿਆਰਥੀਆਂ ਨੇ ਆਪਣੇ ਤਿਆਰ ਕੀਤੇ ਚਾਰਟ ਅਤੇ ਮਾਡਲਾਂ ਸਬੰਧੀ ਜਾਣਕਾਰੀ ਦਿੰਦਿਆਂ ਆਪਣੇ ਸਾਥੀਆਂ ਦੇ ਗਿਆਨ 'ਚ ਵਾਧਾ ਕੀਤਾ। ਸਕੂਲ ਮੁਖੀ ਜਸਬੀਰ ਸਿੰਘ ਜੱਸੀ ਨੇ ਕਿਹਾ ਕਿ ਵੱਖ-ਵੱਖ ਵਿਸ਼ਿਆਂ ਦੇ ਮੇਲੇ ਵਿਦਿਆਰਥੀਆਂ ਦੇ ਅਮਲੀ ਗਿਆਨ 'ਚ ਵਾਧਾ ਕਰਨ 'ਚ ਸਹਾਈ ਹੁੰਦੇ ਹਨ। ਇਨ੍ਹਾਂ ਮੇਲਿਆਂ 'ਚ ਵਿਦਿਆਰਥੀ ਆਪਣੇ ਅਧਿਆਪਕਾਂ ਦੀ ਅਗਵਾਈ 'ਚ ਹੇਠ ਜਦੋਂ ਚਾਰਟ ਅਤੇ ਮਾਡਲ ਤਿਆਰ ਕਰਦੇ ਹਨ ਤਾਂ ਉਨ੍ਹਾਂ ਨੂੰ ਮਿਲੀ ਜਾਣਕਾਰੀ ਅਤੇ ਪ੍ਰਾਪਤ ਕੀਤਾ ਗਿਆਨ ਉਨ੍ਹਾਂ ਨੂੰ ਲੰਬਾ ਸਮਾਂ ਯਾਦ ਰਹਿੰਦਾ ਹੈ। ਉਨ੍ਹਾਂ ਗਣਿਤ, ਵਿਗਿਆਨ, ਅੰਗਰੇਜ਼ੀ ਅਤੇ ਸਮਾਜਿਕ ਵਿਗਿਆਨ ਵਿਸ਼ਿਆਂ ਦੇ ਮੇਲਿਆਂ 'ਚ ਭਾਗ ਲੈਣ ਵਾਲੇ ਸਮੂਹ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ,ਅਧਿਆਪਕਾਂ ਦਾ ਸਹੀ ਮਾਰਗ ਦਰਸ਼ਨ ਲਈ ਧੰਨਵਾਦ ਕੀਤਾ। ਇਸ ਮੌਕੇ ਸਕੂਲ ਦੇ ਹਿੰਦੀ ਮਾਸਟਰ ਵਿਕਾਸ ਅਰੋੜਾ ਨੇ ਇਨ੍ਹਾਂ ਸਿੱਖਿਆ ਮੇਲਿਆਂ ਲਈ ਅਹਿਮ ਭੂਮਿਕਾ ਅਦਾ ਕੀਤੀ।



ਸਾਹਿਤ ਵਿਗਿਆਨ ਕੇਂਦਰ ਦੀ ਮਾਸਿਕ ਇਕੱਤਰਤਾ

ਵਰਲਡ ਪੰਜਾਬੀ ਟਾਈਮਜ਼
ਦਵਿੰਦਰ ਕੌਰ ਢਿੱਲੋਂ

ਚੰਡੀਗੜ੍ਹ 26 ਅਕਤੂਬਰ : ਸਾਹਿਤ ਵਿਗਿਆਨ ਕੇਂਦਰ ਚੰਡੀਗੜ੍ਹ ਵੱਲੋਂ ਮਹੀਨੇਵਾਰ ਸਾਹਿਤਕ ਸਮਾਗਮ ਰੋਟਰੀ ਕਲੱਬ ਸੈਕਟਰ 70 ਮੁਹਾਲੀ ਵਿਖੇ ਕਰਵਾਇਆ ਗਿਆ । ਪ੍ਰਧਾਨਗੀ ਮੰਡਲ ਵਿੱਚ ਕਰਨਲ ਟੀ.ਬੀ.ਐੱਸ. ਬੇਦੀ ਜੀ (ਸਾਬਕਾ ਪ੍ਰਧਾਨ, ਰੋਟਰੀ ਕਲੱਬ) ਸ੍ਰੀ ਸੁਭਾਸ਼ ਭਾਸਕਰ ਜੀ(ਸਕੱਤਰ,ਚੰਡੀਗੜ੍ਹ ਸਾਹਿਤ ਅਕਾਦਮੀ) ਗੁਰਦਰਸ਼ਨ ਸਿੰਘ ਮਾਵੀ ਜੀ (ਪ੍ਰਧਾਨ,ਸਾਹਿਤ ਵਿਗਿਆਨ ਕੇਂਦਰ) ਤੇ ਦਵਿੰਦਰ ਕੌਰ ਢਿੱਲੋਂ ਸ਼ਾਮਿਲ ਹੋਏ ।ਸਭ ਤੋਂ ਪਹਿਲਾਂ ਸਾਡੇ ਕੋਲੋਂ ਸਦਾ ਲਈ ਵਿਛੜ ਗਈਆਂ ਸ਼ਖਸ਼ੀਅਤਾਂ ਸ. ਕਰਮਜੀਤ ਸਿੰਘ ਬੱਗਾ ਜੀ(ਅੰਤਰਰਾਸ਼ਟਰੀ ਅਲਰੋਜ਼ਾ ਵਾਦਕ),ਪ੍ਰਸਿੱਧ ਗਾਇਕ ਰਾਜਵੀਰ ਜਵੰਦਾ, ਪ੍ਰਸਿੱਧ ਗੀਤਕਾਰ ਬਾਬੂ ਸਿੰਘ ਮਾਨ ਮਰਾੜਾਂ ਵਾਲਾ ਜੀ ਦੀ ਪਤਨੀ ਸ੍ਰੀਮਤੀ ਗੁਰਨਾਮ ਕੌਰ ਅਤੇ ਪ੍ਰਸਿੱਧ ਖਿਡਾਰੀ ਵਰਿੰਦਰ ਘੁੰਮਣ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ ।ਕੇਂਦਰ ਦੇ ਪ੍ਰਧਾਨ ਗੁਰਦਰਸ਼ਨ ਸਿੰਘ ਮਾਵੀ ਨੇ ਸਮਾਗਮ ਵਿੱਚ ਸ਼ਾਮਿਲ ਹੋਏ ਸਾਰੇ ਸਾਹਿਤਕਾਰਾਂ ਅਤੇ ਕਵੀਆਂ ਨੂੰ ਜੀ ਆਇਆਂ ਕਿਹਾ ਤੇ ਸੰਸਥਾ ਦੀਆਂ ਗਤੀਵਿਧੀਆਂ ਬਾਰੇ ਚਾਨਣਾ ਪਾਇਆ ।

ਸ਼੍ਰੀਮਤੀ ਪਰਮਜੀਤ ਕੌਰ ਪਰਮ ਨੇ ਮੁੱਖ ਮਹਿਮਾਨ ਸ਼੍ਰੀ ਸੁਭਾਸ਼ ਭਾਸਕਰ ਜੀ ਦੇ ਸਾਹਿਤਕ ਸਫ਼ਰ ,ਸਮਾਜ ਸੇਵਾ ਤੇ ਮਾਣ ਸਨਮਾਨ ਸਬੰਧੀ ਬਹੁਤ ਹੀ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ ਤੇ ਬਹੁਤ ਹੀ ਖੂਬਸੂਰਤ ਸ਼ੇਅਰ ਸਰੋਤਿਆਂ ਦੀ ਨਜ਼ਰ ਕੀਤੇ । ਇਸ ਤੋਂ ਬਾਅਦ ਮਹਿੰਦਰ ਸਿੰਘ ਗੋਸਲ ਦੇ ਗੀਤ'ਮੈਂ ਤੇਰੇ ਦਰ ਦਾ ਫਕੀਰ' ਗੀਤ ਨਾਲ ਕਵੀ ਦਰਬਾਰ ਦਾ ਆਗਾਜ਼ ਹੋਇਆ। ਗੁਰਦਾਸ ਸਿੰਘ ਦਾਸ ਤੇ ਰੇਖਾ ਮਿੱਤਲ ਨੇ ਮਾਂ ਬਾਰੇ ਬਹੁਤ ਹੀ ਖੂਬਸੂਰਤ ਰਚਨਾਂਵਾਂ ਪੇਸ਼ ਕੀਤੀਆਂ । ਬਾਬੂ ਰਾਮ ਦੀਵਾਨਾ,ਅਮਰਜੀਤ ਸਿੰਘ ਅਰਪਨ,ਸੁਰਿੰਦਰ ਕੁਮਾਰ ਤੇ ਚਰਨਜੀਤ ਕਲੇਰ ਨੇ ਧੀਆਂ ਬਾਰੇ ਬਹੁਤ ਭਾਵਪੂਰਕ ਕਵਿਤਾਂਵਾਂ ਸੁਣਾ ਕੇ ਵਾਹ ਵਾਹ ਖੱਟੀ। ਮਲਕੀਤ ਨਾਗਰਾ ਨੇ ਬਾਬੂ ਰਜ਼ਬ ਅਲੀ ਦੀ ਰਚਨਾ,ਬਲਵਿੰਦਰ ਢਿੱਲੋਂ ਨੇ ਨੰਦ ਲਾਲ ਨੂਰ ਪੁਰੀ ,ਹਰਜੀਤ ਸਿੰਘ ਨੇ ਸ਼ਿਵ ਕੁਮਾਰ ਬਟਾਲਵੀ ਦੀ ਰਚਨਾ ਸਰੋਤਿਆਂ ਦੇ ਸਨਮੁੱਖ ਕੀਤੀ ।ਦਰਸ਼ਨ ਤਿਉਣਾ, ਲਾਭ ਸਿੰਘ ਲਹਿਲੀ ਗੁਰਮੀਤ ਸਿੰਘ ਸਿੰਗਲ ਅਤੇ ਜਗਤਾਰ ਜੋਗ ਨੇ ਬੁਲੰਦ ਅਵਾਜ਼ ਵਿੱਚ ਆਪਣੀਆਂ ਰਚਨਾਵਾਂ ਸਾਂਝੀਆਂ ਕਰ ਕੇ ਸਰੋਤਿਆਂ ਨੂੰ ਝੂਮਣ ਲਾ ਦਿੱਤਾ ।ਬਲਜੀਤ ਕੌਰ ਢਿੱਲੋਂ,ਅੰਸ਼ੁਕਰ ਮਹੇਸ਼,ਪਾਲ ਅਜਨਬੀ,ਡਾ. ਅਵਤਾਰ ਸਿੰਘ ਪਤੰਗ ਤੇ ਸਾਗਰ ਭੂਰੀਆ ਨੇ ਬਹੁਤ ਹੀ ਪ੍ਰੇਰਣਾਦਾਇਕ ਰਚਨਾਵਾਂ ਸਰੋਤਿਆਂ ਦੀ ਨਜ਼ਰ ਕੀਤੀਆਂ। ਭਰਪੂਰ ਸਿੰਘ ਨੇ ਹਰ ਵਰਗ ਦੇ ਲੋਕਾਂ ਦੀ ਦੀਵਾਲੀ ਦੇ ਵੱਖ ਵੱਖ ਰੰਗ ਪੇਸ਼ ਕੀਤੇ। ਰਤਨ ਬਾਬਕ ਵਾਲਾ ਨੇ ਨਿਵੇਕਲੀ ਕਿਸਮ ਦਾ ਗੀਤ ਸੁਣਾ ਕੇ ਸਭ ਨੂੰ ਖੁਸ਼ ਕਰ ਦਿੱਤਾ।

ਅੱਜ ਦੇ ਸਮਾਗਮ ਦੇ ਮੁੱਖ ਮਹਿਮਾਨ ਸ਼੍ਰੀ ਸ਼ੁਭਾਸ਼ ਭਾਸਕਰ ਜੀ ਨੇ ਕਿਹਾ ਕਿ ਸਾਨੂੰ ਹਰ ਇੱਕ ਭਾਸ਼ਾ ਸਿਖਣੀ ਚਾਹੀਦੀ ਹੈ ਪਰ ਆਪਣੀ ਮਾਂ ਬੋਲੀ ਭੁੱਲਣੀ ਨਹੀਂ ਚਾਹੀਦੀ । ਉਹਨਾਂ ਕਿਹਾ ਕਿ ਇਸ ਸਾਹਿਤਕ ਸਮਾਗਮ ਵਿੱਚ ਸਾਰਿਆਂ ਨੇ ਹੀ ਬਾਕਮਾਲ ਰਚਨਾਵਾਂ ਪੇਸ਼ ਕੀਤੀਆਂ ਤੇ ਨਾਲ ਹੀ ਆਪਣੀ ਖੂਬਸੂਰਤ ਰਚਨਾ ,

"ਮੈਂ ਔਰਤ ਹਾਂ, ਧਰਤੀ ਵਾਂਗ
ਮੇਰਾ ਕੋਈ ਨਾਮ ਨਹੀਂ ,ਕੋਈ ਧਰਮ ਨਹੀਂ,
ਨਾ ਰਾਧਾ ,ਨਾ ਸੀਤਾ ,ਨਾ ਚੰਡੀ" ਪੇਸ਼ ਕੀਤੀ। ਅੱਜ ਦੇ ਵਿਸ਼ੇਸ਼ ਮਹਿਮਾਨ ਕਰਨਲ ਟੀ.ਬੀ.ਐੱਸ.ਬੇਦੀ ਜੀ ਨੇ